


ਫਰੀਦਕੋਟ ਜ਼ਿਲ੍ਹੇ ਵਿੱਚ ਮੁਫਤ ਐਂਬੂਖ਼ਲੈਂਸ ਸੇਵਾ ਦਾ ਆਰੰਭ ਕਰਦੇ ਹੋਏ ਸ੍ਰ ਰਮਿੰਦਰ ਸਿੰਘ ਕਮਿਸ਼ਨਰ ਫਰੀਦਕੋਟ ਡਵੀਜ਼ਨ ਅਤੇ ਡਿਪਟੀ ਕਮਿਸ਼ਨਰ ਸ੍ਰ ਬਲਵਿੰਦਰ ਸਿੰਘ।

# ਫਰੀਦਕੋਟ ਜ਼ਿਲ੍ਹੇ ਵਿੱਚ ਅਤੀ ਆਧੁਨਿਕ ਮੁਫਤ ਐਂਬੂਲੈਂਸਾਂ ਆਰੰਭ

90 ਲੱਖ ਦੀ ਲਾਗਤ ਵਾਲੀਆਂ ਪੰਜ ਐਂਬੂਲੈਂਸਾਂ ਨੂੰ ਝੰਡੀ ਦੇ ਕੇ ਕੀਤਾ ਰਵਾਨਾ

ਫਰੀਦਕੋਟ, 15 ਅਪ੍ਰੈਲ ( )-ਇਸ ਜ਼ਿਲ੍ਹੇ ਵਿੱਚ ਮੁਫਤ ਐਂਬੂਲੈਂਸ ਸੇਵਾ ਪ੍ਰਦਾਨ ਕਰਨ ਲਈ ਸਥਾਨਕ ਸਿਵਲ ਹਸਪਤਾਲ ਤੋਂ ਪੰਜ ਅਤੀ ਆਧੁਨਿਕ ਐਂਬੂਲੈਂਸਾਂ ਨੂੰ ਰਸਮੀ ਤੌਰ 'ਤੇ ਝੰਡੀ ਵਿਖਾ ਕੇ ਕਮਿਸ਼ਨਰ ਫਰੀਦਕੋਟ ਡਵੀਜਨ ਸ੍ਰ ਰਮਿੰਦਰ ਸਿੰਘ ਅਤੇ ਡਿਪਟੀ ਕਮਿਸ਼ਨਰ ਸ੍ਰ ਬਲਵਿੰਦਰ ਸਿੰਘ ਨੇ ਰਵਾਨਾ ਕੀਤਾ। ਇਸ ਮੌਕੇ 'ਤੇ ਸ੍ਰੀ ਡਾ: ਗੁਰਮੇਲ ਸਿੰਘ ਚਾਹਲ ਸਿਵਲ ਸਰਜਨ, ਬੀਬੀ ਪਰਮਜੀਤ ਕੌਰ ਗੁਲਸ਼ਨ ਮੈਂਬਰ ਪਾਰਲੀਮੈਂਟ, ਸ੍ਰ ਮੱਖਣ ਸਿੰਘ ਨੰਗਲ ਅਤੇ ਹਸਪਤਾਲ ਦੇ ਡਾਕਟਰਾਂ ਸਮੇਤ ਸਾਰਾ ਅਮਲਾ ਹਾਜਰ ਸੀ।

ਇਸ ਮੌਕੇ 'ਤੇ ਸ੍ਰ ਰਮਿੰਦਰ ਸਿੰਘ ਕਮਿਸ਼ਨਰ ਫਰੀਦਕੋਟ ਡਵੀਜਨ ਨੇ ਕਿਹਾ ਕਿ ਇਹ ਸੇਵਾ ਜ਼ਿਲ੍ਹਾ ਨਿਵਾਸੀਆਂ ਲਈ ਵਰਦਾਨ ਸਾਬਤ ਹੋਵੇਗੀ ਇਸ ਲਈ ਇਹਨਾਂ ਐਂਬੂਲੈਂਸ 'ਤੇ ਲਗਾਇਆ ਗਿਆ ਅਮਲਾ ਆਪਣੀ ਡਿਊਟੀ ਪੂਰੀ ਗੰਭੀਰਤਾ ਨਾਲ ਨਿਭਾਵੇ ਤਾਂ ਜੋ ਲੋੜ ਪੈਣ 'ਤੇ ਕਿਸੇ ਪ੍ਰਭਾਵਿਤ ਮਰੀਜ਼ ਦੀ ਕੀਮਤੀ ਜਾਨ ਨੂੰ ਬਚਾਇਆ ਜਾ ਸਕੇ।

ਡਿਪਟੀ ਕਮਿਸ਼ਨਰ ਸ੍ਰ ਬਲਵਿੰਦਰ ਸਿੰਘ ਨੇ ਕਿਹਾ ਕਿ ਗੰਭੀਰ ਸਥਿੱਤੀ ਵਾਲੇ ਮਰੀਜ਼ਾਂ ਲਈ ਐਂਬੂਲੈਂਸ ਸੇਵਾ ਬਹੁਤ ਮਹੱਤਵ ਰੱਖਦੀ ਹੈ ਇਸ ਲਈ ਕਿਸੇ ਅਣਸੁਖਾਵੀਂ ਸਥਿੱਤੀ ਵਿੱਚ ਇਹ ਮੁਫਤ ਐਂਬੂਲੈਂਸ ਸੇਵਾ ਕਿਸੇ ਨੂੰ ਜੀਵਨ ਦਾਨ ਦੇਣ ਵਿੱਚ ਅਤੀ ਸਹਾਈ ਸਾਬਤ ਹੋਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 18 ਲੱਖ ਰੁਪਏ ਪ੍ਰਤੀ ਐਂਬੂਲੈਂਸ ਦੀ ਲਾਗਤ ਨਾਲ ਅਤੀ ਆਧੁਨਿਕ ਸਹੂਲਤਾਂ ਨਾਲ ਲੈਸ ਕੁੱਲ ਪੰਜ ਐਂਬੂਲੈਂਸਾਂ ਜਿੰਨ੍ਹਾਂ ਵਿੱਚੋਂ ਇੱਕ ਫਰੀਦਕੋਟ ਸਿਵਲ ਹਸਪਤਾਲ, ਇੱਕ ਸਾਦਿਕ, ਇੱਕ ਕੋਟਕਪੂਰਾ, ਇੱਕ ਜੈਤੋ ਅਤੇ ਇੱਕ ਬਾਜਾਖਾਨਾ ਏਰੀਏ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰੇਗੀ। ਉਹਨਾਂ ਦੱਸਿਆ ਕਿ ਕਿਸੇ ਵੀ ਲੋੜਵੰਦ ਵੱਲੋਂ ਮੋਬਾਈਲ ਜਾਂ ਲੈਂਡ ਲਾਈਨ 'ਤੇ 108 ਨੰਬਰ 'ਤੇ ਫੋਨ ਕਰਨ ਤੋਂ ਕੁਝ ਹੀ ਪਲਾਂ ਬਾਅਦ ਇਹ ਸੇਵਾ ਪ੍ਰਭਾਵਿਤ ਵਿਅਕਤੀ ਲਈ ਉਪਲਬਧ ਹੋ ਜਾਵੇਗੀ। ਉਹਨਾਂ ਦੱਸਿਆ ਕਿ ਇਹਨਾਂ ਐਂਬੂਲੈਂਸਾਂ ਵਿੱਚ ਜੀ.ਪੀ.ਆਰ.ਐਸ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ ਜਿਸਦਾ ਸਿੱਧਾ ਸਬੰਧ ਅੰਮ੍ਰਿਤਸਰ ਕਾਲ ਸੈਂਟਰ ਨਾਲ ਹੈ। ਉਹਨਾਂ ਦੱਸਿਆ ਕਿ ਅੰਮ੍ਰਿਤਸਰ ਕਾਲ ਸੈਂਟਰ ਜਿੱਥੇ ਕਰੀਬ 100 ਤੋਂ ਵਧੇਰੇ ਕ੍ਰਮਚਾਰੀ ਡਿਊਟੀ 'ਤੇ ਹਰ ਵੇਲੇ ਉਪਲਬਧ ਹਨ ਅਤੇ ਉਹਨਾਂ ਕੋਲ ਹਰ ਤਰ੍ਹਾਂ ਦੇ ਹਸਪਤਾਲ ਦੀ ਸੂਚੀ ਵੀ ਉਪਲਬਧ ਹੈ ਵੱਲੋਂ ਜਾਰੀ ਦਿਸ਼ਾ ਨਿਰਦੇਸ਼ ਅਨੁਸਾਰ ਹੀ ਹਰ ਮਰੀਜ਼ ਨੂੰ ਉਸਦੀ ਲੋੜੀਂਦੀ ਵਧੀਆ ਡਾਕਟਰੀ ਸਹਾਇਤਾ ਲਈ ਸਬੰਧਤ ਹਸਪਤਾਲਾਂ ਤੱਕ ਇਹਨਾਂ ਮੁਫਤ ਐਂਬੂਲੈਂਸ ਸਹੂਲਤ ਜ਼ਰੀਏ ਪਹੁੰਚਾਇਆ ਜਾਵੇਗਾ।

ਇਸ ਮੌਕੇ 'ਤੇ ਡਾਕਟਰ ਗੁਰਮੇਲ ਸਿੰਘ ਚਾਹਲ ਸਿਵਲ ਸਰਜਨ ਨੇ ਦੱਸਿਆ ਕਿ ਹਰੇਕ ਐਂਬੂਲੈਂਸ 'ਤੇ ਦੋ ਡਰਾਇਵਰਾਂ ਅਤੇ ਐਮਰਜੈਂਸੀ ਟਕਨੀਸ਼ਨਾਂ ਦੀ ਡਿਊਟੀ 24 ਘੰਟੇ ਲਈ ਲਗਾਈ ਗਈ ਹੈ ਅਤੇ ਇਹਨਾਂ ਐਂਬੂਲੈਂਸਾਂ ਵਿੱਚ ਆਕਸੀਜਨ ਅਤੇ ਸਪੈਸ਼ਲ ਸਟਰੈਚਰ ਦੀ ਸਹੂਲਤ ਤੋਂ ਇਲਾਵਾ ਹੋਰ ਵੀ ਕਈ ਸਹੂਲਤਾਂ ਉਪਲਬਧ ਕੀਤੀਆਂ ਹੋਈਆਂ ਹਨ ਤਾਂ ਜੋ ਲੋੜਵੰਦਾਂ ਦੀ ਪੂਰੀ ਪੂਰੀ ਹਿਫਾਜ਼ਤ ਕੀਤੀ ਜਾ ਸਕੇ।